# 2023-24 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,575 ਰੁਪਏ ਪ੍ਰਤੀ ਕਵਿੰਟਲ

ਖੇਤੀਬਾੜੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਨੇ 2023-24 ਹਾੜ੍ਹੀ ਮੰਡੀਕਰਨ ਮੌਸਮ ਲਈ ਭਾਰਤ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅਨੁਮਾਨ ਲਗਾਇਆ ਹੈ। ਇਨ੍ਹਾਂ ਲਾਗਤਾਂ ਦੇ ਆਧਾਰ 'ਤੇ, ਸੀ ਏ ਸੀ ਪੀ ਨੇ ਹਾੜ੍ਹੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਸਿਫ਼ਾਰਸ਼ ਕੀਤੀ ਸੀ ਜਿਸ ਨੂੰ 18 ਅਕਤੂਬਰ, 2022 ਨੂੰ ਭਾਰਤੀ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਸੀ।

ਸੀ ਏ ਸੀ ਪੀ ਦੀ ਗਣਨ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ। ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਕਮਿਸ਼ਨ ਨੇ 2023-24 ਹਾੜ੍ਹੀ ਮੰਡੀਕਰਨ ਮੌਸਮ ਲਈ ਪੈਦਾਵਾਰ ਲਾਗਤਾਂ ਦੀ ਗਣਨਾ ਲਈ 2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਉਤਪਾਦਨ ਦੀ ਲਾਗਤ ਨੂੰ ਧਿਆਨ ਵਿੱਚ ਰੱਖਿਆ ਹੈ। ਉੱਤਰਾਖੰਡ ਵਿੱਚ ਕਣਕ ਅਤੇ ਮੱਧ ਪ੍ਰਦੇਸ਼ ਵਿੱਚ ਜੌਂ ਦੇ ਲਈ 2018-19 ਅਤੇ 2019-20 ਦੌਰਾਨ ਅਤੇ ਝਾਰਖੰਡ ਵਿੱਚ ਛੋਲਿਆਂ ਅਤੇ ਕਰਨਾਟਕ ਵਿੱਚ ਕੁਸੰਭਾ ਦੇ ਲਈ 2018-19 ਅਤੇ 2020-21 ਦੇ ਅਸਲ ਲਾਗਤਾਂ ਦੇ ਅੰਦਾਜ਼ਿਆਂ ਦੀ ਵਰਤੋਂ ਇਨ੍ਹਾਂ ਰਾਜਾਂ ਅਤੇ ਫ਼ਸਲਾਂ ਦੀ ਅੰਦਾਜ਼ਨ ਲਾਗਤ ਦੇ ਲਈ ਕੀਤੀ ਗਈ ਹੈ।

ਆਉਣ ਵਾਲੇ ਹਾੜ੍ਹੀ ਮੌਸਮ ਲਈ ਸਭ ਤੋਂ ਘੱਟ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦਾ ਹਿਸਾਬ ਜੌਂ ਦੇ ਲਈ ਲਗਾਇਆ ਹੈ ਜਿਹੜਾ ਕਿ 1,487 ਰੁਪਏ ਪ੍ਰਤੀ ਕੁਇੰਟਲ ਹੈ। ਕਣਕ ਲਈ, ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,575 ਰੁਪਏ ਪ੍ਰਤੀ ਕੁਇੰਟਲ ਹੈ। ਕਣਕ ਅਤੇ ਜੌਂ ਲਈ ਐਮਐਸਪੀ ਕ੍ਰਮਵਾਰ 2,125 ਰੁਪਏ ਪ੍ਰਤੀ ਕੁਇੰਟਲ ਅਤੇ 1,735 ਰੁਪਏ ਪ੍ਰਤੀ ਕੁਇੰਟਲ ਹੈ।

ਦਾਲਾਂ ਵਿੱਚੋਂ, ਮਸਰ ਲਈ ਵਿਆਪਕ ਅੰਦਾਜ਼ਨ ਲਾਗਤ 4,608 ਰੁਪਏ ਪ੍ਰਤੀ ਕੁਇੰਟਲ ਅਤੇ ਛੋਲਿਆਂ ਲਈ 4,341 ਰੁਪਏ ਪ੍ਰਤੀ ਕੁਇੰਟਲ ਹੈ। ਮਸਰਾਂ ਅਤੇ ਛੋਲਿਆਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 6,000 ਰੁਪਏ ਪ੍ਰਤੀ ਕੁਇੰਟਲ ਅਤੇ 5,335 ਰੁਪਏ ਪ੍ਰਤੀ ਕੁਇੰਟਲ ਹੈ।

ਤੇਲ ਬੀਜਾਂ ਵਿੱਚ, ਸੀ ਏ ਸੀ ਪੀ ਨੇ ਤੋਰੀਆ-ਸਰ੍ਹੋਂ ਲਈ 3,740 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,135 ਰੁਪਏ ਪ੍ਰਤੀ ਕੁਇੰਟਲ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦੀ ਗਣਨਾ ਕੀਤੀ ਹੈ। ਤੋਰੀਆ-ਸਰ੍ਹੋਂ ਦਾ ਘੱਟੋ-ਘੱਟ ਸਮਰਥਨ ਮੁੱਲ 5,450 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭ ਲਈ 5,650 ਰੁਪਏ ਪ੍ਰਤੀ ਕੁਇੰਟਲ ਹੈ।

**ਹਾੜ੍ਹੀ ਦੀਆਂ ਫ਼ਸਲਾਂ ਦੀ ਕੁੱਲ ਭਾਰਤ ਪੈਦਾਵਾਰ ਲਾਗਤ ਅਤੇ 2023-24 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਐਮ ਐਸ ਪੀ**

| ਫ਼ਸਲ | 2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ) | | | 2023-24 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) |
|---|---|---|---|---|
| | *ਏ2 | **ਏ2+ਐਫਐਲ | #ਸੀ2 | |
| ਕਣਕ | 851 | 1,065 | 1,575 | 2,125 |
| ਜੌਂ | 704 | 1,082 | 1,487 | 1,735 |
| ਛੋਲੇ | 2,476 | 3,206 | 4,341 | 5,335 |
| ਮਸਰ | 2,399 | 3,239 | 4,608 | 6,000 |

| | | | | |
|---|---|---|---|---|
| ਸਰ੍ਹੋਂ ਅਤੇ ਤਾਰਾਮੀਰਾ | 1,831 | 2,670 | 3,740 | 5,450 |
| ਕੁਸੰਭਾ | 2,954 | 3,765 | 5,135 | 5,650 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}]